# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

ਦਸਵੀਂ/ਬਾਰ੍ਹਵੀਂ ਪ੍ਰੀਖਿਆ ਮਾਰਚ-2019 ਦੇ ਰੈਗੂਲਰ ਅਤੇ ਓਪਨ ਸਕੂਲ ਪ੍ਰੀਖਿਆਰਥੀਆਂ ਦੇ ਸਰਟੀਫਿਕੇਟ /ਨਤੀਜਾ ਕਾਰਡ ਮਿਤੀ 09/06/2019 ਨੂੰ ਜ਼ਿਲ੍ਹਾ ਪੱਧਰ ਤੇ ਸਥਿਤ ਬੋਰਡ ਦੇ ਖੇਤਰੀ ਦਫਤਰਾਂ ਵਿਚ ਭੇਜੇ ਜਾ ਰਹੇ ਹਨ । ਸਬੰਧਤ ਸਕੂਲਾਂ ਦੇ ਮੁੱਖੀ/ਨੁਮਾਇੰਦੇ ਆਪਣੇ ਰੈਗੂਲਰ ਅਤੇ ਓਪਨ ਸਕੂਲ ਦੇ ਨਤੀਜਾ ਕਾਰਡ /ਸਰਟੀਫਿਕੇਟ ਆਪਣੇ ਜਿਲ੍ਹੇ ਵਿਚ ਸਥਿਤ ਜਿਲ੍ਹਾ ਖੇਤਰੀ ਦਫਤਰਾਂ ਤੋਂ ਮਿਤੀ 10/06/2019 ਤੋਂ ਪ੍ਰਾਪਤ ਕਰ ਸਕਦੇ ਹਨ । ਜਿਲ੍ਹਾ ਬਰਨਾਲਾ ਦੇ ਸਕੂਲ ਮੁੱਖੀ /ਨੁਮਾਇੰਦੇ ਖੇਤਰੀ ਦਫਤਰ ਸੰਗਰੂਰ ਤੋਂ ,ਜਿਲ੍ਹਾ ਸੰਗਰੂਰ ਦੀ ਮੂਨਕ ਤਹਿਸੀਲ ਵਿਚ ਪੈਂਦੇ ਸਕੂਲਾਂ ਦੇ ਮੁੱਖੀ /ਨੁਮਾਇੰਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਮੂਨਕ ਵਿਖੇ ਸਥਿਤ ਖੇਤਰੀ ਦਫਤਰ ਤੋਂ , ਜਿਲ੍ਹਾ ਫਾਜਿਲਕਾ ਦੇ ਸਕੂਲ ਮੁੱਖੀ /ਨੁਮਾਇੰਦੇ ਖੇਤਰੀ ਦਫਤਰ ਅਬੋਹਰ ਤੋਂ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਸਕੂਲ ਮੁੱਖੀ/ਨੁਮਾਇੰਦੇ ਮੁੱਖ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਪ੍ਰੀਖਿਆਰਥੀਆਂ ਦੇ ਸਰਟੀਫਿਕੇਟ/ਨਤੀਜਾ ਕਾਰਡ ਪ੍ਰਾਪਤ ਕਰ ਸਕਦੇ ਹਨ ।

06/06/19
ਸਕੱਤਰ,